# ਓਂਟਾਰਿਓ ਦਾ ਘੱਟ-ਆਮਦਨੀ ਬਿਜਲੀ ਸਹਾਇਤਾ ਪ੍ਰੋਗਰਾਮ (ਲੀਪ)

### ਕੁਦਰਤੀ ਗੈਸ

## ਲੀਪ ਆਪਾਤਕਾਲੀਨ ਆਰਥਿਕ ਸਹਾਇਤਾ (LEAP EMERGENCY FINANCIAL ASSISTANCE)

ਆਪਣੇ ਬਿਲਾਂ ਦਾ ਭੁਗਤਾਨ ਕਰਨ ਵਿੱਚ ਮੁਸ਼ਕਲ ਮਹਿਸੂਸ ਕਰ ਰਹੇ ਘੱਟ-ਆਮਦਨੀ ਵਾਲੇ ਬਿਜਲੀ ਖਪਤਕਾਰ ਆਪਣੀ ਸੇਵਾ ਬੰਦ ਹੋਣ ਤੋਂ ਬਚਣ ਲਈ ਆਪਾਤਕਾਲੀਨ ਆਰਥਿਕ ਸਹਾਇਤਾ ਦੇ ਯੋਗ ਹੋ ਸਕਦੇ ਹਨ।

**ਕੌਣ ਯੋਗ ਹੋ ਸਕਦਾ ਹੈ**

ਤੁਹਾਡੀ ਯੂਟੀਲਿਟੀ ਦੀ ਸਹਿਯੋਗੀ ਇੱਕ ਸਮਾਜ ਸੇਵੀ ਏਜੰਸੀ ਕੁਝ ਕਾਰਕਾਂ ਦੇ ਅਧਾਰ ਤੇ ਜਾਂਚ ਕਰੇਗੀ ਕਿ ਤੁਸੀਂ ਯੋਗ ਹੋ ਜਾਂ ਨਹੀਂ, ਜਿਵੇਂ ਪਰਿਵਾਰਕ ਆਮਦਨੀ, ਤੁਹਾਡੇ ਪਰਿਵਾਰ ਦੇ ਸਦੱਸਾਂ ਦੀ ਸੰਖਿਆ ਅਤੇ ਜਿਸ ਨਗਰ ਜਾਂ ਸ਼ਹਿਰ ਵਿੱਚ ਤੁਸੀਂ ਰਹਿੰਦੇ ਹੋ ਉਸਦਾ ਆਕਾਰ।

**ਕੀ ਸਹਾਇਤਾ ਉਪਲਬਧ ਹੈ**

ਜੇਕਰ ਤੁਸੀਂ ਯੋਗ ਹੋ, ਤਾਂ ਤੁਹਾਨੂੰ 500 ਡਾਲਰ ਤੱਕ ਦੀ ਆਪਾਤਕਾਲੀਨ ਸਹਾਇਤਾ ਮਿਲ ਸਕਦੀ ਹੈ, ਜਿਸਦਾ ਭੁਗਤਾਨ ਸਿੱਧੇ ਤੁਹਾਡੀ ਯੂਟੀਲਿਟੀ ਨੂੰ ਕੀਤਾ ਜਾਂਦਾ ਹੈ।

- ਸਹਾਇਤਾ ਕੇਵਲ ਉਦੋਂ ਹੀ ਉਪਲਬਧ ਹੋਵੇਗੀ ਜੇਕਰ ਤੁਸੀਂ ਆਪਣਾ ਬਿਲ ਭਰਨ ਦੀ ਸਥਿਤੀ ਵਿੱਚ ਨਾ ਹੋਵੋ।
- ਸਹਾਇਤਾ ਕੇਵਲ ਆਪਾਤਕਾਲੀਨ ਸਥਿਤੀਆਂ ਲਈ ਹੈ। ਇਹ ਤੁਹਾਡੇ ਬਿਲਾਂ ਦਾ ਭੁਗਤਾਨ ਕਰਨ ਲਈ ਨਿਰੰਤਰ ਸਹਾਇਤਾ ਨਹੀਂ ਹੈ।
- ਤੁਹਾਨੂੰ ਤੁਹਾਡੇ ਬਕਾਇਆ ਬਿਲ ਤੋਂ ਵੱਧ ਰਕਮ ਨਹੀਂ ਮਿਲ ਸਕਦੀ।

## ਸਹਾਇਤਾ ਲਈ ਕਿਸਨੂੰ ਸੰਪਰਕ ਕਰਨਾ ਹੈ

1. ਤੁਹਾਨੂੰ ਕਿਸੇ ਸਮਾਜ ਸੇਵੀ ਜਾਂ ਸਰਕਾਰੀ ਏਜੰਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ। ਆਪਣੀ ਸਥਾਨਕ ਕੁਦਰਤੀ ਗੈਸ ਯੂਟੀਲਿਟੀ ਨੂੰ ਸੰਪਰਕ ਕਰੋ ਉਹ ਤੁਹਾਡੇ ਖੇਤਰ ਵਿੱਚ ਸੇਵਾ ਪ੍ਰਦਾਨ ਕਰਨ ਵਾਲੀ ਕਿਸੇ ਏਜੰਸੀ ਨਾਲ ਤੁਹਾਡਾ ਸੰਪਰਕ ਕਰਾਵੇਗੀ, ਜਾਂ ਏਜੰਸੀਆਂ ਦੀ ਸੂਚੀ ਲਈ ਸਾਡੀ ਵੈਬਸਾਈਟ ਤੇ ਜਾਓ।

2. ਤੁਹਾਨੂੰ ਇੰਟਰਵਿਊ ਲਈ ਏਜੰਸੀ ਨਾਲ ਮਿਲਣਾ ਪੈ ਸਕਦਾ ਹੈ। ਤੁਹਾਨੂੰ ਕੁਝ ਕਾਗਜ ਦੇਣ ਲਈ ਕਿਹਾ ਜਾਏਗਾ ਜਿਹਨਾਂ ਵਿੱਚ ਸ਼ਾਮਲ ਹਨ:

- ਪਛਾਣ-ਪੱਤਰ, ਕੁਦਰਤੀ ਗੈਸ ਦੇ ਬਿਲ, ਬੰਦ ਕਰਨ ਦੇ ਨੋਟਿਸ, ਕਿਰਾਏ, ਪਟੇ (ਲੀਜ਼) ਜਾਂ ਰਹਿਣ ਦਸਤਾਵੇਜਾਂ ਦੀ ਇੱਕ ਪ੍ਰਤੀ, ਘਰੇਲੂ ਆਮਦਨੀ ਦਾ ਸਬੂਤ (ਚੈਕ ਦੀ ਪ੍ਰਤੀ, ਰੁਜ਼ਗਾਰ ਪੱਤਰ ਆਦਿ), ਬੈਂਕ ਸਟੇਟਮੈਂਟ ਆਦਿ।

## ਘੱਟ-ਆਮਦਨੀ ਵਾਲੇ ਗਾਹਕਾਂ ਲਈ ਖਾਸ ਨਿਯਮ

OEB ਨੇ ਕੁਦਰਤੀ ਗੈਸ ਯੂਟੀਲਿਟੀ ਵਾਸਤੇ ਪਾਲਨਾ ਕਰਨ ਲਈ ਖਾਸ ਨਿਯਮ (SPECIAL RULES) ਵੀ ਬਣਾਏ ਹਨ ਜਦ ਉਹ ਉਹਨਾਂ ਗਾਹਕਾਂ ਨਾਲ ਵਿਵਹਾਰ ਕਰਦੇ ਹਨ ਜਿਹਨਾਂ ਕੋਲ ਸੀਮਿਤ ਆਰਥਿਕ ਸਾਧਨ ਹਨ।

**ਨਿਯਮਾਂ ਵਿੱਚ ਇਹਨਾਂ ਗੱਲਾਂ ਤੇ ਤਵੱਜੋ ਦਿੱਤੀ ਜਾਂਦੀ ਹੈ**:

* ਸੁਰੱਖਿਆ ਜਮ੍ਹਾ ਰਕਮ ਦੀ ਛੋਟ ਦੇਣਾ ਅਤੇ ਉਸਨੂੰ ਵਾਪਸ ਮੋੜਨਾ।
* ਜੇਕਰ ਤੁਹਾਡੀ ਯੂਟੀਲਿਟੀ ਤੋਂ ਕੋਈ ਭੁੱਲ ਹੋ ਗਈ ਹੋਵੇ ਅਤੇ ਤੁਹਾਡੇ ਤੋਂ ਘੱਟ ਕੀਮਤ ਲੈ ਲਈ ਹੋਵੇ ਤਾਂ ਭੁਗਤਾਨ ਕਰਨ ਲਈ ਵੱਧ ਸਮਾਂ
* ਸਮਾਨ ਬਿਲਿੰਗ ਜਾਂ ਭੁਗਤਾਨ ਯੋਜਨਾ ਵਿਕਲਪ।
* ਜੇਕਰ ਤੁਹਾਡਾ ਕਨੈਕਸ਼ਨ ਬੰਦ ਹੋਇਆ ਹੋਵੇ ਤਾਂ ਇੱਕ ਉਚਿਤ ਪ੍ਰਕਿਰਿਆ।
* ਬਕਾਇਆ ਰਕਮ ਦਾ ਭੁਗਤਾਨ ਕਰਨ ਲਈ ਲਚਕੀਲੇ ਇਕਰਾਰਨਾਮੇ।

**ਵੇਰਵਿਆਂ ਲਈ ਆਪਣੀ ਯੂਟੀਲਿਟੀ ਨੂੰ ਸੰਪਰਕ ਕਰੋ।**

**ਤੁਸੀਂ ਇਹਨਾਂ ਖਾਸ ਨਿਯਮਾਂ ਲਈ ਯੋਗ ਹੋ ਜੇਕਰ:**

A. ਤੁਹਾਡੀ ਸਥਾਨਕ ਸਮਾਜ ਸੇਵੀ ਏਜੰਸੀ ਨਿਰਧਾਰਿਤ ਕਰਦੀ ਹੈ ਕਿ ਤੁਸੀਂ ਲੋੜਾਂ ਨੂੰ ਪੂਰਾ ਕਰਦੇ ਹੋ।
B. ਤੁਹਾਨੂੰ ਪਿਛਲੇ ਦੋ ਵਰ੍ਹਿਆਂ ਵਿੱਚ ਆਪਾਤਕਾਲੀਨ ਆਰਥਿਕ ਸਹਾਇਤਾ ਮਿਲੀ ਹੈ।

## ਪੂਰਾ-ਸਾਲ ਉਪਲਬਧ

ਆਪਾਤਕਾਲੀਨ ਆਰਥਿਕ ਸਹਾਇਤਾ ਪੂਰਾ ਸਾਲ ਉਪਲਬਧ ਰਹਿੰਦੀ ਹੈ। ਆਪਣੀ ਯੂਟੀਲਿਟੀ ਨੂੰ ਜਾਂ ਆਪਾਤਕਾਲੀਨ ਆਰਥਿਕ ਸਹਾਇਤਾ ਪ੍ਰਦਾਨ ਕਰਨ ਵਾਲੀ ਕਿਸੇ ਸਮਾਜ ਸੇਵੀ ਜਾਂ ਸਰਕਾਰੀ ਏਜੰਸੀ ਨੂੰ ਸੰਪਰਕ ਕਰੋ।

ਨੋਟ: ਲੀਪ ਦੀ ਬਜਾਇ, ਯੂਨੀਅਨ ਗੈਸ ਆਪਣੇ ਗਾਹਕਾਂ ਨੂੰ ਵਿੰਟਰ ਵਾਰਮਥ ਨਾਮਕ ਇੱਕ ਪ੍ਰੋਗਰਾਮ ਦੀ ਪੇਸ਼ਕਸ਼ ਕਰਦੀ ਹੈ। ਵਧੇਰੇ ਜਾਣਕਾਰੀ ਲਈ ਵੈਬਸਾਈਟ www.uniongas.com ਤੇ ਜਾਓ।

## ਓਂਟਾਰਿਓ ਐਨਰਜੀ ਬੋਰਡ ਜਾਣਕਾਰ ਬਿਜਲੀ ਖਪਤਕਾਰ ਬਣਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ

ਵਿਸ਼ਿਆਂ ਦੀ ਸ਼੍ਰੇਣੀ ਤੇ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ:
www.ontarioenergyboard.ca/OEB/Consumers

ਸਾਡੇ ਖਪਤਕਾਰ ਸੇਵਾ ਕੇਂਦਰ (CONSUMER RELATIONS CENTRE) ਨੂੰ ਸੰਪਰਕ ਕਰੋ।
(ਇਹ ਸੋਮਵਾਰ ਤੋਂ ਸ਼ੁੱਕਰਵਾਰ ਤੱਕ, ਸਵੇਰ 8:30 ਤੋਂ ਸ਼ਾਮ 5 ਵਜੇ ਤੱਕ ਖੁਲ੍ਹਾ ਰਹਿੰਦਾ ਹੈ)
1-877-632-2727 (ਓਂਟਾਰਿਓ ਦੇ ਅੰਦਰ ਮੁਫਤ)
416-314-2455 (ਗ੍ਰੇਟਰ ਟੋਰੋਂਟੋ ਏਰੀਆ ਦੇ ਅੰਦਰ ਜਾਂ ਕੈਨੇਡਾ ਦੇ ਬਾਹਰ ਤੋਂ)
consumerrelations@ontarioenergyboard.ca

ਸਾਨੂੰ ਫਾਲੋ ਕਰੋ: @OntEnergyBoard

ਓਂਟਾਰਿਓ ਐਨਰਜੀ ਬੋਰਡ ਇੱਕ ਸੁਤੰਤਰ ਅਤੇ ਨਿਰਪੱਖ ਜਨਤਕ ਏਜੰਸੀ ਹੈ। ਅਸੀਂ ਅਜਿਹੇ ਨਿਰਣੈ ਲੈਂਦੇ ਹਾਂ ਜੋ ਜਨਹਿਤ ਲਈ ਲਾਭਕਾਰੀ ਹੁੰਦੇ ਹਨ। ਸਾਡਾ ਟੀਚਾ ਇੱਕ ਅਜਿਹੇ ਵਿੱਤੀ ਤੌਰ ਉੱਤੇ ਵਿਹਾਰਕ ਅਤੇ ਸਮਰੱਥ ਬਿਜਲੀ ਸੈਕਟਰ ਨੂੰ ਉੱਨਤ ਕਰਨਾ ਹੈ ਜੋ ਤੁਹਾਨੂੰ ਇੱਕ ਉਚਿਤ ਕੀਮਤ ਤੇ ਵਿਸ਼ਵਾਸ਼ਯੋਗ ਬਿਜਲੀ ਸੇਵਾਵਾਂ ਪ੍ਰਦਾਨ ਕਰੇ।

*Aussi disponible en français. ਇਹ ਸਮੱਗਰੀ ਦੂਜੀਆਂ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ। ਸਾਡੀ ਵੈਬਸਾਈਟ ਤੇ ਜਾਓ ਜਾਂ ਸਾਡੇ ਖਪਤਕਾਰ ਸੇਵਾ ਕੇਂਦਰ ਨੂੰ ਸੰਪਰਕ ਕਰੋ।*